ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਵੱਜ ਗਿਆ ਵਿਧਾਨ ਸਭਾ ਚੋਣਾਂ 2017 ਦਾ ਬਿਗੁਲ

ਪੰਜਾਬ ਵਿੱਚ 4 ਫਰਵਰੀ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ 2017 ਲਈ ਪਿਛਲੇ ਕੁਝ ਮਹੀਨੀਆਂ ਤੋਂ ਹੀ ਵੱਖ-ਵੱਖ ਸਿਆਸੀ ਪਾਰਟੀਆਂ ਨੇ ਚੋਣਾਂ ਦੀ ਤਿਆਰੀ ਖਿੱਚੀ ਹੋਈ ਹੈ ਪਰ-ਪਰ ਜਿਉਂ ਜਿਉਂ ਚੋਣਾਂ ਨੇੜੇ ਆ ਰਹੀਆਂ ਹਨ ਉਵੇਂ-ਉਵੇਂ ਸਾਰੀਆਂ ਸਿਆਸੀ ਪਾਰਟੀਆਂ ਦਾ ਆਪਣਾ ਅੱਡੀ ਚੋਟੀ ਦਾ ਜ਼ੋਰ ਲੱਗਣਾ ਸ਼ੁਰੂ ਹੋ ਰਿਹਾ ਹੈ।

ਪੰਜਾਬ ਵਿੱਚ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਇਹ ਤਿੰਨ ਪਾਰਟੀਆਂ ਮੁੱਖ ਤੌਰ 'ਤੇ ਮੁਕਾਬਲੇ ਵਿੱਚ ਹਨ। ਇਨ੍ਹਾਂ ਤੋਂ ਇਲਾਵਾ ਇੱਕ-ਦੋ ਨਵੀਆਂ ਪਾਰਟੀਆਂ ਜਿਨ੍ਹਾਂ ਵਿੱਚ ਸੁੱਚਾ ਸਿੰਘ ਛੋਟੇਪੁਰ ਦੀ ਪਾਰਟੀ ਵੀ ਸ਼ਾਮਿਲ ਹੈ ਅਤੇ ਪੁਰਾਣੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਵੀ ਆਪਣੇ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਹਨ। ਇਨ੍ਹਾਂ ਪਾਰਟੀਆਂ ਤੋਂ ਇਲਾਵਾ ਬਸਪਾ, ਤ੍ਰਿਮੂਲ ਕਾਂਗਰਸ ਜਿਸ ਦੀ ਅਗਵਾਹੀ ਸਾਬਕਾ ਮੰਤਰੀ ਜਗਮੀਤ ਬਰਾੜ ਕਰ ਰਹੇ ਹਨ ਅਤੇ ਸੀ.ਪੀ.ਆਈ, ਸੀ.ਪੀ.ਐਮ ਆਦਿ ਕਈ ਪਾਰਟੀਆਂ ਨੇ ਕੁੱਝ ਜਗਾ 'ਤੇ ਆਪਣੇ ਉਮੀਦਵਾਰ ਖੜਾਏ ਹਨ। ਕਈ ਅਜਿਹੀਆ ਪਾਰਟੀਆ ਵੀ ਹਨ ਜਿਨ੍ਹਾਂ ਦਾ ਕਦੇ ਬਹੁੱਤੇ ਲੋਕਾ ਨੇ ਨਾਮ ਵੀ ਨਹੀਂ ਸੁਣਿਆ ਹੋਣਾ ਉਹ ਵੀ ਕਈ ਜਗ੍ਹਾ ਤੋਂ ਵੱਡੀਆਂ ਪਾਰਟੀਆ ਦੇ ਇਸ਼ਾਰਿਆਂ ਤੇ ਵਿਰੋਧੀ ਧਿਰ ਦੀਆਂ ਵੋਟਾ ਖਰਾਬ ਕਰਨ ਲਈ ਆਪਣੇ ਬੰਦਿਆਂ ਨੂੰ ਟਿਕਟਾਂ ਨਾਲ ਨਿਵਾਜ ਰਹੇ ਹਨ। ਕੁੱਝ ਬਿਗਾਨੀ ਮਾਇਆ ਦੀ ਝਾਕ ਰੱਖਣ ਵਾਲੇ ਅਜ਼ਾਦ ਉਮੀਦਵਾਰ ਦੇ ਤੌਰ 'ਤੇ ਵੀ ਆਪਣੇ ਨਾਮ ਨਾਮਜਦ ਕਰ ਰਹੇ ਹਨ।

ਹਰ ਪਾਰਟੀ ਨੇ ਆਪਣੇ ਆਪ ਨੂੰ ਦੁੱਧ ਧੋਤੇ ਤੇ ਵਿਰੋਧੀ ਧਿਰ ਨੂੰ ਚੋਰ ਸਾਬਿਤ ਕਰਨ ਲਈ ਲੋਕਾਂ ਦੀ ਕਚਹਿਰੀ ਵਿਚ ਪਹੁੰਚਣਾ ਸ਼ੁਰੂ ਕਰ ਦਿੱਤਾ ਹੈ। ਚਿਕਨੀਆਂ ਚੋਪੜੀਆਂ ਗੱਲਾਂ ਕਰਕੇ ਲੋਕਾਂ ਨੂੰ ਭਰਮਾਉਣਾ ਸ਼ੁਰੂ ਕਰ ਦਿੱਤਾ ਹੈ। ਹਰ ਪਾਰਟੀ ਹਰੇਕ ਸੀਟ 'ਤੇ ਆਪਣਾ ਹੀ ਕਬਜ਼ਾ ਹੋਣ ਦੇ ਦਾਅਵੇ ਕਰ ਰਹੀ ਹੈ। ਕੋਈ ਆਪਣੇ ਦਸ ਸਾਲ ਵਿਚ ਕੀਤੇ ਵਿਕਾਸ ਦੀ ਦੁਹਾਈ ਪਾ ਰਿਹਾ ਹੈ। ਕੋਈ ਆਉਣ ਵਾਲੇ ਸਮੇਂ ਵਿਚ ਕਰਨ ਵਾਲੇ ਵਿਕਾਸ ਦੇ ਵਾਅਦੇ ਕਰ ਰਿਹਾ ਹੈ। ਹਰੇਕ ਸਿਆਸੀ ਨੇਤਾ ਆਪਣੇ ਕੀਤੇ ਕਾਰਜਾਂ ਨੂੰ ਲੋਕਾਂ ਸਾਹਮਣੇ ਰੱਖਣ ਅਤੇ ਵਿਰੋਧੀਆਂ ਦੇ ਕੱਚੇ ਚਿੱਠੇ ਲੋਕਾਂ ਸਾਹਮਣੇ ਰੱਖ ਕੇ ਲਾਹਾ ਖੱਟਣ ਦੇ ਚੱਕਰਾਂ ਵਿਚ ਲੱਗਿਆ ਹੋਇਆ ਹੈ।

ਸਾਡੇ ਸਿਆਸੀ ਲੀਡਰਾਂ ਨੂੰ ਆਪਣੇ ਕੀਤੇ ਕਾਰਜਾਂ ਨੂੰ ਲੋਕਾਂ ਸਾਹਮਣੇ ਰੱਖਣ ਦੀ ਕੀ ਜ਼ਰੂਰਤ ਪੈ ਗਈ ਹੈ? ਜਿਸ ਨੇ ਜੋ ਕੀਤਾ ਉਹ ਤਾਂ ਲੋਕ ਜਾਣਦੇ ਹੀ ਹਨ। ਫਿਰ ਆਪਣੇ ਮੂੰਹੋਂ ਆਪ ਮੀਆਂ ਮਿੱਠੂ ਬਨਣ ਦੀ ਕੀ ਜ਼ਰੂਰਤ ਹੈ। ਅਗਰ ਤੁਸੀਂ ਸਟੇਟ ਦੇ ਇਲਾਕੇ ਦੇ ਵਿਕਾਸ ਲਈ ਜਾ ਲੋਕ ਭਲਾਈ ਲਈ ਕੁਝ ਕੀਤਾ ਹੈ ਤਾਂ ਲੋਕ ਖੁਦ ਹੀ ਉਸਦਾ ਮੁੱਲ ਤਾਰਨਗੇ ਅਤੇ ਜੇਕਰ ਤੁਸੀਂ ਆਪਣੇ ਰਾਜਭਾਗ ਦੌਰਾਨ ਲੋਕਾ ਦਾ ਲਹੂ ਪੀਤਾ ਹੈ ਤਾਂ ਉਸ ਦਾ ਨਤੀਜਾ ਵੀ ਆਪਣੇ ਆਪ ਤੁਹਾਡੇ ਸਾਹਮਣੇ ਆ ਜਾਣਾ ਹੈ। ਵੋਟਰਾਂ ਨੇ ਤੁਹਾਡੇ ਕੀਤੇ ਦਾ ਮੁੱਲ ਤਾਰਨਾ ਹੈ ਵੱਡੇ-ਵੱਡੇ ਫਲੈਕਸ ਬੋਰਡ ਲਗਾ ਕੇ, ਅਖ਼ਬਾਰਾਂ ਵਿਚ ਵੱਡੇ-ਵੱਡੇ ਇਸ਼ਤਿਹਾਰ ਦੇ ਕੇ ਜਾਂ ਕਈ-ਕਈ ਕਰੋੜ ਖਰਚ ਕੇ ਵੱਡੀਆਂ-ਵੱਡੀਆਂ ਰੈਲੀਆਂ ਕਰਨ ਨਾਲ ਲੋਕਾਂ ਨੂੰ ਭਰਮਾਇਆ ਨਹੀਂ ਜਾ ਸਕਦਾ। ਹੁਣ ਸ਼ੋਸ਼ਿਆਂ ਨਾਲ ਗੱਲ ਨਹੀਂ ਬਣਦੀ। ਅੱਜ ਦੇ ਵੋਟਰ ਬਹੁਤ ਸਮਝਦਾਰ ਹੋ ਗਏ ਹਨ, ਉਹ ਵਿਕਾਸ ਚਾਹੁੰਦੇ ਹਨ। ਰੈਲੀਆਂ, ਮੁਜ਼ਾਹਰਿਆਂ, ਕਾਨਫਰੰਸਾਂ ਨਾਲ ਅੱਜ ਕੱਲ ਦੇ ਵੋਟਰਾਂ ਦੀ ਸੋਚ ਨਹੀਂ ਬਦਲੇਗੀ ਸਗੋਂ ਉਹ ਤਾਂ ਰੈਲੀਆਂ ਵਗੈਰਾਂ ਨੂੰ ਮੰਨੋਰੰਜਨ ਦਾ ਸਾਧਨ ਸਮਝਦੇ ਹਨ।

ਕਈ ਵੋਟਰ ਹਰੇਕ ਪਾਰਟੀ ਦੀ ਹਰੇਕ ਰੈਲੀ ਵਿਚ ਪਹੁੰਚਦੇ ਹਨ। ਕਈ ਬਜ਼ੁਰਗ ਆਪਣੀਆਂ ਵਧੀਆਂ ਨੌਕਰੀਆਂ ਤੋਂ ਰਿਟਾਇਰ ਹੋ ਕੇ ਸਾਰੀਆਂ ਰੈਲੀਆਂ ਦਾ ਮਜ਼ੇ ਨਾਲ ਲੁਤਫ਼ ਉਠਾਉਂਦੇ ਹਨ। ਜੇਕਰ ਉਨ੍ਹਾਂ ਨੂੰ ਪੁੱਛ ਲਈਏ ਕੇ ਬਜ਼ੁਰਗ ਕਿੱਧਰ ਗਏ ਸੀ? ਤਾਂ ਉਨ੍ਹਾਂ 'ਚ ਕੋਈ ਕਹੇ .. .. ਬਾਦਲ ਦੇ ਗੱਪ ਸੁਨਣ ਗਏ ਸੀ, .. .. .. ਕੋਈ ਕਹੇਗਾ ਅਸੀਂ ਕੈਪਟਨ ਦੇ ਫੋਕੇ ਫੈਂਟਰ ਸੁਨਣ ਗਏ ਸੀ। ਕੋਈ ਕਹੇਗਾ ਅੱਜ ਅਸੀਂ ਟੋਪੀਆਂ ਵਾਲਿਆਂ ਦਾ ਸਟੰਟ ਵੇਖਣ ਗਏ ਸੀ। ਬਹੁਤੇ ਵੋਟਰਾਂ ਵਾਸਤੇ ਸਿਆਸੀ ਲੀਡਰਾਂ ਦੇ ਭਾਸ਼ਨ ਸੁਨਣੇ, ਰੇਡੀਓ ਦੇ ਪ੍ਰੋਗਰਾਮ ਸੁਨਣ ਦੇ ਸਮਾਨ ਹਨ। ਉਹ ਮੰਨੋਰੰਜਨ ਦੇ ਸਾਧਨ ਵਜੋਂ ਰੈਲੀਆਂ ਵਿਚ ਪਹੁੰਚਦੇ ਹਨ। ਉਹ ਤਾਂ ਸਿਆਸੀ ਲੀਡਰਾਂ ਨੂੰ ਕਲਾਕਾਰਾਂ ਵਾਂਗ ਦੇਖਦੇ ਹਨ ਕਿ ਕਿਹੜਾ ਮੰਤਰੀ ਕਿਹੋ ਜਿਹੀ ਐਕਟਿੰਗ ਕਰਦਾ ਹੈ। ਵੋਟਾਂ ਤਾਂ ਉਹ ਆਪਣੇ ਮਨ ਦੇ ਫੈਸਲੇ ਨਾਲ ਹੀ ਪਾਉਂਦੇ ਹਨ। ਲੋਕ ਕਾਨਫਰੰਸਾਂ ਤੇ ਰੈਲੀਆਂ ਵਿਚ ਸਿਰਫ਼ ਤਮਾਸ਼ਾ ਦੇਖਣ ਹੀ ਜਾਂਦੇ ਹਨ। ਫਿਰ ਸਾਡੇ ਸਿਆਸੀ ਨੇਤਾਂ ਰੈਲੀਆਂ ਦੇ ਇਕੱਠ ਤੋਂ ਕਿਵੇਂ ਅੰਦਾਜ਼ਾ ਲਗਾ ਸਕਦੇ ਹਨ ਕਿ ਉਨ੍ਹਾਂ ਦੀ ਸਥਿਤੀ ਕੀ ਹੈ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸਦਾ ਹੈ ਕਿ ਕਿਸ ਦੇ ਹਿੱਸੇ ਕੀ ਹੈ।

ਵੱਡੀਆਂ-ਵੱਡੀਆਂ ਰੈਲੀਆਂ ਰੱਖ ਕੇ ਕਰੋੜਾਂ ਰੁਪਏ ਖਰਚ ਕਰਕੇ ਜਨਤਾ ਤੇ ਭਾਰ ਪਾਉਣ ਨਾਲੋਂ ਚੰਗਾ ਹੈ ਕਿ ਉਨਾਂ ਹੀ ਪੈਸਾ ਦੇਸ਼-ਪ੍ਰਾਂਤ ਦੇ ਵਿਕਾਸ ਤੇ ਲਾਇਆ ਜਾਵੇ। ਜਿੰਨਾਂ ਪੈਸਾ ਚੋਣਾਂ ਸਮੇਂ ਪ੍ਰਚਾਰ ਤੇ ਰੈਲੀਆਂ ਵਗੈਰਾ ਤੇ ਖਰਚ ਹੁੰਦਾ ਹੈ ਉਨ੍ਹਾਂ ਪੈਸਾ ਦੇਸ਼ ਦੇ ਵਿਕਾਸ ਲਈ ਲੱਗੇ ਤਾਂ ਉਹ ਮੂੰਹੋਂ ਬੋਲੇਗਾ। ਜੇਕਰ ਅਮਨ, ਖੁਸ਼ਹਾਲੀ ਤੇ ਲੋਕ ਰਾਜ ਦਿਖਾਉਣ ਦੇ ਲਈ ਚੋਣਾਂ ਜ਼ਰੂਰੀ ਹਨ ਤਾਂ ਵੱਡੀਆਂ-ਵੱਡੀਆਂ ਰੈਲੀਆਂ ਰੱਖ ਕੇ ਲੋਕਾਂ ਦੀ, ਪਾਰਟੀ ਵਰਕਰਾਂ ਦੀ, ਪੁਲਿਸ ਕਰਮਚਾਰੀਆਂ ਦੀ ਕਈ-ਕਈ ਦਿਨਾਂ ਦੀ ਖੱਜਲ ਖੁਆਰੀ ਤੋਂ ਚੰਗਾ ਹੈ ਕਿ ਹਰ ਉਮੀਦਵਾਰ ਆਪਣੇ ਵਿਚਾਰ ਟੀ.ਵੀ. ਰਾਹੀਂ ਸਾਂਝੇ ਕਰ ਲਵੇ। ਘਰ-ਘਰ ਜਾ ਕੇ ਹਾੜੇ ਮਿੰਨਤਾਂ ਕੱਢਣ ਦੀ ਬਜਾਏ ਆਪਣਾ ਚੋਣ ਮੈਨੀਫੈਸਟੋ ਪੇਪਰ ਵਿਚ ਦੇ ਦੇਵੇ।

ਪਰ ਕੀ ਕਰੀਏ, ਸਾਡੇ ਭਾਰਤ ਦੀ ਸਾਰੀ ਅਰਥ ਵਿਵਸਥਾ ਹੀ ਵਿਗੜੀ ਪਈ ਹੈ। ਇਥੇ ਕੁਝ ਵੀ ਵਿਉਂਤਬੱਧ ਢੰਗ ਨਾਲ ਚੱਲਣਾ ਸੰਭਵ ਨਹੀਂ ਜਾਪਦਾ। ਇਥੇ ਅੰਨੇ ਨੂੰ ਬੋਲਾ ਘੜੀਸੀ ਫਿਰਦਾ ਹੈ। ਅਸੀਂ ਤਾਂ ਸਿਰਫ਼ ਪ੍ਰਮਾਤਮਾਂ ਅੱਗੇ ਇਹ ਅਰਦਾਸ ਹੀ ਕਰ ਸਕਦੇ ਹਾਂ ਕਿ 'ਹੇ ਦਾਤਾਰ ਪਿਤਾ ਜੀਉ' ਸਾਡੇ ਸਿਆਸੀ ਨੇਤਾਵਾਂ ਨੂੰ, ਵੱਡੇ ਪੁਲਿਸ ਅਫਸਰਾਂ 'ਤੇ ਇਨੀ ਕੁ ਬਖਸ਼ਿਸ਼ ਕਰੋ, ਉਨ੍ਹਾਂ ਨੂੰ ਅਜਿਹਾ ਬਲ ਤੇ ਬੁੱਧੀ ਬਖਸ਼ੋ ਕਿ ਉਹ ਆਪਣੇ ਲੋਭ, ਹੰਕਾਰ ਨੂੰ ਤਿਆਗ ਕੇ, ਸੱਤਾ ਦੀ ਭੁੱਖ ਮਾਰ ਕੇ, ਆਪਣੀ ਉੱਚੀ ਪਦਵੀਂ ਦੇ ਗੁਮਾਨ ਨੂੰ ਛੱਡ ਕੇ ਪੰਜਾਬੀਅਤ ਦੇ ਡਿੱਗ ਰਹੇ ਮਨੋਬਲ ਨੂੰ ਉੱਚਾ ਚੁੱਕਣ ਲਈ ਉਪਰਾਲੇ ਕਰ ਸਕਣ।

ਆਪਣੇ ਭੈਣਾਂ ਭਰਾਵਾਂ ਨੂੰ ਬੇਨਤੀ ਕਰਨਾ ਚਾਹਾਂਗਾ ਕਿ ਵੀਰੋ! ਵੱਖ-ਵੱਖ ਪਾਰਟੀਆਂ ਨਾਲ ਜੁੜੇ ਨੌਆਨੇ ਸਿਆਸਤ ਵਿੱਚ ਪੈਰ ਰੱਖਣਾ ਗਲਤ ਨਹੀਂ। ਆਉਣ ਵਾਲੇ ਸਮੇਂ ਵਿੱਚ ਤੁਹਾਡੇ ਵਿਚੋਂ ਹੀ ਲੀਡਰ ਬਨਣੇ ਹਨ। ਪਰ ਇੱਕ ਗੱਲ ਯਾਦ ਰੱਖਿਓ! ਆਪਣੀ ਗਲੀ, ਆਪਣਾ ਮੁਹੱਲਾ, ਆਪਣਾ ਪਿੰਡ ਜਿਥੇਂ ਅਸੀਂ ਵੋਟਾ ਲਈ ਇੱਕ ਦੂਸਰੇ ਨਾਲ ਲੜਦੇ ਹਾਂ। ਜਿਥੇਂ ਅਸੀਂ ਸਿਆਸੀ ਲੀਡਰਾਂ ਦੇ ਇਸ਼ਾਰਿਆਂ ਤੇ ਪਾਰਟੀ ਬਾਜੀ ਵਿੱਚ ਵੰਡੇ ਗਏ ਹਾਂ। ਜਿਥੇਂ ਅਸੀਂ ਇੱਕ ਦੂਜੇ ਦੇ ਖੂਨ ਦੇ ਪਿਆਸੇ ਹੋ ਜਾਦੇ ਹਾਂ, ਯਾਦ ਰੱਖਿਓ ਅਸੀਂ ਇਥੇਂ ਹੀ ਜੰਮੇ ਪਲੇ ਹਾਂ। ਸਾਡਾ ਗਲੀ ਗੁਆਂਢ, ਖੁਸ਼ੀ-ਗਮੀ ਵਿੱਚ ਉਹ ਹੀ ਸਾਡੇ ਕੰਮ ਆਉਂਦਾ ਹੈ। ਵੋਟਾਂ ਦਾ ਕੀ ਹੈ ਇਹ ਤਾਂ ਆਈਆਂ ਤੇ ਲੰਘ ਗਈਆਂ। ਲੜਾਈ-ਝਗੜੇ ਵਿੱਚ ਹੋਏ ਤੁਹਾਡੇ ਜਾਨੀ-ਮਾਲੀ ਨੁਕਸਾਨ ਦੀ ਪੂਰਤੀ ਕਿਸੇ ਨੇ ਨਹੀਂ ਕਰਨੀ। ਕੇਸ ਤੁਹਾਡੇ ਤੇ ਹੋਣੇ ਹਨ, ਤਾਰੀਖਾਂ ਤੁਸੀਂ ਭੁਗਤਨੀਆਂ ਹਨ। ਖੱਜਲ ਖੁਆਰੀ ਤੁਹਾਡੀ ਹੋਣੀ ਹੈ ਉਦੋਂ ਕਿਸੇ ਲੀਡਰ ਨੇ ਤੁਹਾਡੀ ਬਾਂਹ ਨਹੀਂ ਫੜਨੀ। ਵੇਖਿਓ ਕਿਤੇ ਲੀਡਰਾਂ ਦੀਆਂ ਲੂਬੜ ਚਾਲਾਂ ਵਿੱਚ ਆ ਕੇ ਆਪਣੇ ਮੁਹੱਲੇ, ਆਪਣਾ ਪਿੰਡ ਵਿੱਚ ਪੱਕੀਆਂ ਦੁਸ਼ਮਣੀਆਂ ਨਾ ਪਾ ਲਈਓ। ਆਪਣਾ ਭਾਈਚਾਰਾ ਤੇ ਆਪਸੀ ਸਾਂਝ ਬਰਕਰਾਰ ਰੱਖਿਓ, ਕਿਤੇ ਮਾਮੂਲੀ ਚੌਧਰ ਪਿਛੇ ਆਪਸੀ ਭਾਈਚਾਰਕ ਸਾਂਝ ਖਤਮ ਨਾ ਕਰ ਲਿਓ।

Purba

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

ਮਹਿਕ ਵਤਨ ਦੀ

Monthly 'Mehak Watan Di Live' Moga ● ਲਾਈਵ

Title Regd. No. PunPun-04016 | Year 2 | Edition 11 | Issue Date 27-1-2017

Chief Editor : Bhawandeep Singh Purba
Vice-Chief Editor : Bhagwanti Purba
Editor in Canada : Bhajan Singh Bahmba
Online Editor : Kamaljeet Singh Purba
Legal Advisior : Advocate Nasib Bawa
Chief Advisor : Jasvir Singh Lohara
Religion Editor : Sadhu Singh Dhamu
Sub-Editor : Jasvir Singh Purain




Indian Office
The Mehak Watan Di Live
Defance Colony, Amritsar Road,
Moga - 142 001 (Pb.)
Help Line : 9988 92 9988
E-mail :
chief_editor@mehakwatandilive.com

Canada Office
Mehak Watan Di Media Group
2250, Bovaird Drive East # 502
Brampton (Ontario) L6R 0W3
Help Line : 647 960 0200
E-mail :
editor_canada@mehakwatandilive.com

www.mehakwatandilive.com

## ਮਿਸ਼ੀਸਾਗਾ ਵਿਖੇ ਨੈਨੀ ਦੀ ਜ਼ਰੂਰਤ

ਬਜ਼ੁਰਗ ਔਰਤ ਦੀ ਦੇਖਭਾਲ ਲਈ ਮਿਸ਼ੀਸਾਗਾ ਵਿਖੇ ਨੈਨੀ ਦੀ ਜ਼ਰੂਰਤ ਹੈ।

* ਹ.ਫ਼ਤੇ ਵਿਚ 2-3 ਦਿਨ ਅਤੇ 5 ਰਾਤਾਂ ਨੂੰ ਕੰਮ
* ਚੰਗੀ ਤਨਖਾਹ ਅਤੇ ਖਾਣ-ਪੀਣ ਦਾ ਪ੍ਰਬੰਧ

ਇਮਾਨਦਾਰ ਲੇਡੀ ਵਰਕਰ ਦੀ ਲੋੜ ਹੈ

ਹੋਰ ਜਾਣਕਾਰੀ ਲਈ ਕਾਲ ਕਰੋ :

416 953 5579

'ਮਹਿਕ ਵਤਨ ਦੀ ਲਾਈਵ' ਸਬੰਧੀ ਹਰ ਪ੍ਰਕਾਰ ਦਾ ਚੰਦਾ ਸਿਰਫ਼ ਚੈਕ, ਡ੍ਰਾਫਟ ਜਾਂ ਮਨੀਆਰਡਰ ਰਾਹੀਂ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜੋ ਜੋ ਮੋਗਾ (ਪੰਜਾਬ) ਵਿਚ ਭੁਗਤਾਨ ਯੋਗ ਹੋਵੇ। ਜਾਂ ਤੁਸੀਂ ਆਪਣਾ ਚੰਦਾ ਸਾਡੇ ਅਕਾਊਂਟ ਨੰਬਰ CA-64/000066/Mehak Wattan Di (IFSC Code Corp0000664) ਕਾਰਪੋਰੇਸ਼ਨ ਬੈਂਕ ਵਿਚ ਜਮ੍ਹਾ ਕਰਵਾ ਸਕਦੇ ਹੋ। - ਸੰਪਾਦਕ

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।